ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ੴ

ਲੜੀ/ਅੰਕ ਨੰ: 19/08 ਅਗਸਤ 2019 – ਨਾਨਕਸ਼ਾਹੀ ਸਾਵਣ-ਭਾਦੋਂ 551

## ਇਤਿਹਾਸਿਕ ਦਿਹਾੜੇ

### ਜੁਲਾਈ ਅਤੇ ਅਗਸਤ

| | |
|---|---|
| ਮੋਰਚਾ ਗੁਰੂ ਕਾ ਬਾਗ | 8 ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 ਅਗਸਤ |
| ਪਹਿਲਾ ਪ੍ਰਕਾਸ਼ ਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 31 ਅਗਸਤ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 1 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ | 1 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਰਾਮਦਾਸ ਜੀ | 11 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਜੀ | 14 ਸਤੰਬਰ |
| ਗੁਰਗੱਦੀ ਦਿਵਸ ਸ੍ਰੀ ਗੁਰੂ ਅੰਗਦ ਦੇਵ ਜੀ | 19 ਸਤੰਬਰ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਜੀ | 24 ਸਤੰਬਰ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803

ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,

ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

Join us at Facebook or mail at : gurmatparsar7@gmail.com

# ਭਾਦੁਇ ਭਰਮਿ ਭੁਲਾਣੀਆ ......॥ (ਜੀਵਨ - ਜੁਗਤਿ)

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥

(ਪੰਨਾ ੧੩੪)

ਪਦ ਅਰਥ:- ਭਾਦੁਇ-ਭਾਦਰੋਂ ਦੇ ਮਹੀਨੇ ਵਿਚ । ਭਰਮਿ-ਭਟਕਣਾ ਵਿਚ । ਭੁਲਾਣੀਆ-ਕੁਰਾਹੇ ਪੈ ਜਾਂਦੀ ਹੈ । ਹੇਤੁ-ਹਿਤ, ਪਿਆਰ । ਕੇਤੁ ਕਾਰਜਿ-ਕਿਸੇ ਕੰਮ ਵਿਚ । ਜਿਤੁ-ਜਿਸ ਵਿਚ । ਦਿਨਿ-ਦਿਨ ਵਿਚ । ਦੇਹ-ਸਰੀਰ । ਕਹਸਨਿ-ਆਖਣਗੇ । ਬਿਨਸਸੀ-ਬਿਨਸੇਗੀ । ਪ੍ਰੇਤੁ-ਗੁਜ਼ਰ ਚੁਕਿਆ, ਅਪਵਿਤ੍ਰ । ਪਕੜਿ-ਫੜ ਕੇ । ਨ ਦੇਨੀ-ਨਹੀਂ ਦੇਂਦੇ, ਨ ਦੇਨਿ । ਸਿਆਹਹੁ-ਕਾਲੇ ( ਰੰਗ) ਤੋਂ । ਸੇਤੁ-ਚਿੱਟਾ । ਕਪੇ-ਕੱਪੀਦਾ ਹੈ । ਲੂਣੈ-ਵੱਢਦਾ ਹੈ । ਖੇਤੁ-ਪੈਲੀ । ਸੰਦੜਾ-ਦਾ । ਬੋਹਿਥ-ਜਹਾਜ਼ । ਨਾ ਪਾਈਅਹਿ - ਨਹੀਂ ਪਾਏ ਜਾਂਦੇ । ਹੇਤੁ-ਹਿਤੂ, ਪਿਆਰ ਕਰਨ ਵਾਲਾ ।

ਅਰਥ:- (ਜਿਵੇਂ) ਭਾਦਰੋਂ (ਦੇ ਤ੍ਰਾਟਕੇ ਤੇ ਘੁੰਮੇ) ਵਿਚ (ਮਨੁੱਖ ਬਹੁਤ ਘਬਰਾਂਦਾ ਹੈ, ਤਿਵੇਂ) ਜਿਸ ਜੀਵ-ਇਸਤ੍ਰੀ ਦਾ ਪਿਆਰ ਪ੍ਰਭੂ-ਪਤੀ ਤੋਂ ਬਿਨਾਂ ਕਿਸੇ ਹੋਰ ਨਾਲ ਲੱਗਦਾ ਹੈ ਉਹ ਭਟਕਣਾ ਦੇ ਕਾਰਨ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਜਾਂਦੀ ਹੈ, ਉਹ ਭਾਵੇਂ ਲੱਖਾਂ ਹਾਰ ਸਿੰਗਾਰ ਕਰੇ, (ਉਸ ਦੇ) ਕਿਸੇ ਕੰਮ ਨਹੀਂ ਆਉਂਦੇ ।

ਜਿਸ ਦਿਨ ਮਨੁੱਖ ਦਾ ਸਰੀਰ ਨਾਸ ਹੋਵੇਗਾ (ਜਦੋਂ ਮਨੁੱਖ ਮਰ ਜਾਇਗਾ) ਉਸ ਵੇਲੇ (ਸਾਰੇ ਸਾਕ-ਅੰਗ) ਆਖਣਗੇ ਕਿ ਇਹ ਗੁਜ਼ਰ ਗਿਆ ਹੈ । (ਲੋਥ ਅਪਵਿਤ੍ਰ ਪਈ ਹੈ, ਜਿਸ ਨੂੰ ਛੇਤੀ ਬਾਹਰ ਲੈ ਚੱਲੋ) । ਜਮਦੂਤ (ਜਿੰਦ ਨੂੰ) ਫੜ ਕੇ ਅੱਗੇ ਲਾ ਲੈਂਦੇ ਹਨ, ਕਿਸੇ ਨੂੰ (ਇਹ) ਭੇਤ ਨਹੀਂ ਦੱਸਦੇ (ਕਿ ਕਿੱਥੇ ਲੈ ਚੱਲੇ ਹਾਂ) । ਜਿਨ੍ਹਾਂ ਸੰਬੰਧੀਆਂ ਨਾਲ (ਸਾਰੀ ਉਮਰ ਬੜਾ) ਪਿਆਰ ਬਣਿਆ ਰਹਿੰਦਾ ਹੈ ਉਹ ਪਲ ਵਿਚ ਹੀ ਸਾਥ ਛੱਡ ਬੈਠਦੇ ਹਨ ।

(ਮੌਤ ਆਈ ਵੇਖ ਕੇ ਮਨੁੱਖ) ਬੜਾ ਪਛੁਤਾਂਦਾ ਹੈ, ਉਸ ਦਾ ਸਰੀਰ ਔਖਾ ਹੁੰਦਾ ਹੈ, ਉਹ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ (ਘਬਰਾਹਟ ਨਾਲ ਇਕ ਰੰਗ ਆਉਂਦਾ ਹੈ ਇਕ ਜਾਂਦਾ ਹੈ)। ਇਹ ਸਰੀਰ ਮਨੁੱਖ ਦੇ ਕੀਤੇ ਕਰਮਾਂ ਦਾ ਖੇਤ ਹੈ, ਜੋ ਕੁਝ ਮਨੁੱਖ ਇਸ ਵਿਚ ਬੀਜਦਾ ਹੈ ਉਹੀ ਫਸਲ ਵੱਢਦਾ ਹੈ (ਜੇਹੇ ਕਰਮ ਕਰਦਾ ਹੈ, ਤੇਹਾ ਫਲ ਪਾਂਦਾ ਹੈ)।

ਹੇ ਨਾਨਕ ! ਜਿਨ੍ਹਾਂ ਦਾ ਰਾਖਾ ਤੇ ਹਿਤੂ ਗੁਰੂ ਬਣਦਾ ਹੈ, ਉਹ ਨਰਕ ਵਿਚ ਨਹੀਂ ਪਾਏ ਜਾਂਦੇ, (ਕਿਉਂਕਿ ਗੁਰੂ ਦੀ ਕਿਰਪਾ ਨਾਲ) ਉਹ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ, ਗੁਰੂ ਉਹਨਾਂ ਨੂੰ ਪ੍ਰਭੂ ਦੇ ਚਰਨ-ਰੂਪ ਜਹਾਜ਼ (ਵਿਚ ਚੜ੍ਹਾ) ਦੇਂਦਾ ਹੈ। ੨।

## ਸ਼ਬਦ ਗੁਰੂ

**ਸਿੰਘ ਸਾਹਿਬ ਗਿ: ਜਸਵੰਤ ਸਿੰਘ ਪ੍ਰਵਾਨਾ**

ਗੁਰੂ ਦੀ ਬਖਸ਼ੀ ਸਿੱਖੀ ਨੂੰ ਸਮਝਣਾ ਹੋਵੇ ਤਾਂ ਸਿੱਖੀ ਦਾ ਇੱਕ ਸਿਧਾਂਤ ਸਮਝਣਾ ਬਹੁਤ ਹੀ ਜ਼ਰੂਰੀ ਹੈ। ਉਹ ਇਹ ਹੈ ਕਿ ਸਿੱਖ ਦਾ ਸ਼ਬਦ ਗੁਰੂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਅੱਜ ਸਿੱਖ ਗੁਰੂ ਆਖ ਕੇ ਮੱਥਾ ਟੇਕਦਾ ਹੈ। ਅਣਗਿਣਤ ਜੀਵਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਆਤਮਿਕ ਕਲਿਆਣ ਕਰ ਰਹੇ ਹਨ। ਅਨੇਕਾਂ ਪ੍ਰਾਣੀ ਬਾਣੀ ਪੜ੍ਹਦੇ ਹਨ। ਕੀਰਤਨ ਕਥਾ ਸੁਣਦੇ ਹਨ ਤੇ ਉਨ੍ਹਾਂ ਨੂੰ ਮਾਨਸਿਕ ਤ੍ਰਿਪਤੀ ਮਿਲਦੀ ਹੈ। ਅੱਜ ਜਗਤ ਦੇ ਸਿਆਣੇ ਇਸ ਗੱਲ ਨੂੰ ਮੰਨ ਰਹੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਸਿੱਖਾਂ ਨੂੰ ਕਿਸੇ ਦੇਹਧਾਰੀ ਗੁਰੂ ਦੀ ਲੋੜ ਨਹੀਂ। ਉਸ ਦਾ ਕਾਰਨ ਸਪਸ਼ਟ ਹੈ ਕਿ ਜਿਹੜਾ ਭੋਜਨ ਤ੍ਰਿਪਤੀ ਦੇ ਦੇਵੇ ਉਸ ਲਈ ਇੰਨਾ ਹੀ ਪ੍ਰਮਾਣ ਕਾਫ਼ੀ ਹੈ ਕਿ

**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**

**ਮੁੰਦਾਵਣੀ (ਮਃ ੫) - ਅੰਗ ੧੪੨੯**

ਇੰਨੇ ਚੰਗੇ ਜੀਵਨ ਵਾਲੇ ਟਿਕੇ ਹੋਏ ਗੁਰਸਿੱਖ ਮਿਲਦੇ ਹਨ ਜਿਨ੍ਹਾਂ ਦੇ ਦਰਸ਼ਨ ਕੀਤਿਆਂ ਹੀ ਮਨ ਖਿੜ ਜਾਂਦਾ ਹੈ। ਮਨ ਵਿੱਚ ਟਿਕਾਉ ਆਉਂਦਾ ਹੈ। ਉਨ੍ਹਾਂ ਦੀ ਰਸਨਾ ਵਿੱਚ ਰਸ ਹੈ, ਬਚਨ ਦੇ ਬਲੀ ਹਨ, ਬਚਨ ਸਿੱਧੀ ਵੀ ਹੈ। ਉਨ੍ਹਾਂ ਨੂੰ ਸੁਰਤ ਦਾ ਟਿਕਾਅ ਤੇ ਸੁਰਤ ਦੀ ਚੜ੍ਹਦੀ ਕਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕ੍ਰਿਪਾ ਨਾਲ ਹੀ ਪ੍ਰਾਪਤ ਹੋਈ ਹੈ। ਜ਼ਰਾ ਪਿਛੇ ਚਲੀਏ, ਨਾਮ ਅਭਿਆਸੀ ਗਿਣੇ ਹੀ ਨਹੀਂ ਜਾਂਦੇ। ਭਾਈ ਬੁੱਧੂ ਸਾਹਿਬ ਜੀ ਪਾਸ ਮਹਾਰਾਜਾ ਰਣਜੀਤ ਸਿੰਘ ਗਏ। ਪਹਿਲਾਂ ਦਰਸ਼ਨ ਨਹੀਂ ਸਨ ਕੀਤੇ। ਜਾ ਕੇ ਪੁਛਿਆ ਮੈਂ ਭਾਈ ਬੁੱਧੂ ਸਾਹਿਬ ਨੂੰ ਮਿਲਣਾ ਹੈ। ਭਾਈ ਸਾਹਿਬ ਨੇ ਕਿਹਾ, ਸਾਹਿਬ ਤਾਂ ਅੰਦਰ ਹਨ ਤੇ ਬੁੱਧੂ ਮੈਂ ਹਾਂ। ਭਾਵ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ ਮੈਂ ਉਨ੍ਹਾਂ ਦਾ ਸੇਵਾਦਾਰ ਹਾਂ। ਅਣਗਿਣਤ ਨਾਮ ਜਪਣ ਵਾਲੇ ਵੰਡ ਛਕਣ ਵਾਲੇ, ਵਿਦਵਾਨ, ਗੁਣਵਾਨ, ਕੁਰਬਾਨੀ ਕਰਨ ਵਾਲੇ ਸ਼ਹੀਦ ਸਿੰਘ ਸਿੰਘਣੀਆਂ ਹੋਏ ਹਨ। ਉਹ ਸਾਰੇ ਗੁਰੂ

ਗ੍ਰੰਥ ਸਾਹਿਬ ਤੋਂ ਹੀ ਵਰੋਸਾਇ ਸਨ। ਉਹ ਕਿਸੇ ਵੀ ਦੇਹਧਾਰੀ ਗੁਰੂ ਪਾਸ ਨਹੀਂ ਗਏ। ਉਨ੍ਹਾਂ ਨੂੰ ਰੰਗ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੀ ਲਗਾ ਸੀ। ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ਰਣ ਵਿੱਚ ਅਣਗਿਣਤ ਜੀਵ ਨਾਮ ਰਸ ਪ੍ਰਾਪਤ ਕਰਕੇ ਮੁਕਤ ਹੋ ਰਹੇ ਹਨ। ਅੱਜ ਅਸੀਂ ਜੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ ਤਾਂ ਸੱਚ ਇਹ ਹੈ ਕਿ ਜੇ ਆਖਰੀ ਗੁਰੂ, ਗੁਰੂ ਗ੍ਰੰਥ ਸਾਹਿਬ ਹਨ ਤਾਂ ਸਿੱਖੀ ਦਾ ਪਹਿਲਾ ਗੁਰੂ ਵੀ ਸ਼ਬਦ ਹੀ ਹੈ। ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ ਨੇ ਪੁੱਛਿਆ ਸੀ ਤੁਹਾਡਾ ਗੁਰੂ ਕੌਣ ਹੈ ? ਅਸਲ ਵਿੱਚ ਉਹ ਜਾਣਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਅਜੇ ਤੱਕ ਕੋਈ ਦੇਹਧਾਰੀ ਗੁਰੂ ਧਾਰਨ ਨਹੀਂ ਕੀਤਾ। ਇਸ ਲਈ ਉਹ ਖ਼ਿਆਲ ਕਰਦੇ ਸਨ ਕਿ ਅਸੀਂ ਗੁਰੂ ਨਾਨਕ ਦੇਵ ਨੂੰ ਨਿਗੁਰਾ ਸਿੱਧ ਕਰਕੇ ਪ੍ਰੇਰਣਾ ਦੇ ਦਿਆਂਗੇ ਕਿ ਤੁਸੀਂ ਸਾਨੂੰ ਗੁਰੂ ਧਾਰਣ ਕਰ ਲਵੋ। ਉਹ ਵਾਰ-ਵਾਰ ਕਹਿੰਦੇ ਸਨ ਕਿ ਤੁਸੀਂ ਨਿਗੁਰੇ ਹੋ। ਤੁਹਾਡਾ ਗੁਰੂ ਕੋਈ ਨਹੀਂ, ਤੁਸੀਂ ਜੋਗ ਦਾ ਭੇਖ ਲੈ ਲਵੋ।

**ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥**
**ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥ ਅੰਗ ੯੩੯**

ਪਰ ਸਤਿਗੁਰੂ ਕਹਿੰਦੇ ਹਨ ਤੁਹਾਨੂੰ ਭੁਲੇਖਾ ਲੱਗ ਰਿਹਾ ਹੈ ਮੇਰਾ ਗੁਰੂ ਹੈ। ਫਿਰ ਸਿੱਧ ਪੁਛਦੇ ਹਨ -

**ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ਅੰਗ ੯੪੨**

ਸਤਿਗੁਰੂ ਅਗੋਂ ਦਸਦੇ ਹਨ -

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਰਾਮਕਲੀ ਗੋਸਟਿ (ਮਃ ੧)-ਅੰਗ ੯੪੩**

ਇਸੇ ਸ਼ਬਦ ਦੇ ਆਸਰੇ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸਿੱਧ ਮੰਡਲੀ ਨੂੰ ਜਿੱਤਿਆਂ ਸੀ। ਇਹ ਸ਼ਬਦ ਦੀ ਬਰਕਤ ਸੀ ਜਿਸ ਬਰਕਤ ਨਾਲ ਸਾਰਾ ਜਗਤ ਜਿੱਤ ਲਿਆ ਸੀ। ਇਹ ਸ਼ਬਦ ਦੀ ਦਾਤ ਜਿਸ ਜਿਸ ਪਾਸ ਚਲੀ ਗਈ ਉਹੋ ਗੁਰੂ ਬਣ ਗਿਆ ਸੀ।

ਪਹਿਲਾਂ ਵੀ ਗੁਰੂ ਨਾਨਕ ਦੇਵ ਜੀ ਨੇ ਹਰ ਸਿੱਖ ਨੂੰ ਇਹ ਗੱਲ ਕਹੀ ਸੀ ਸ਼ਬਦ ਨਾਲ ਜੁੜੋਗੇ ਤਾਂ ਵਿਛੜੋਗੇ ਨਹੀਂ। ਪਰ ਸਰੀਰ ਨਾਲ ਮਿਲੋਗੇ ਤਾਂ ਵਾਰ-ਵਾਰ ਵਿਛੜੋਗੇ। ਦਸਾਂ ਗੁਰ ਜਾਮਿਆਂ ਨੇ ਸ਼ਬਦ ਗੁਰੂ ਦਾ ਹੀ ਪ੍ਰਚਾਰ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਸਚਖੰਡ ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਕਰ ਦਿੱਤਾ ਸੀ। ਸ਼ਬਦ ਨੂੰ ਗੁਰੂ ਤਾਂ ਗੁਰੂ ਨਾਨਕ ਦੇਵ ਜੀ ਨੇ ਹੀ ਕਹਿ ਦਿੱਤਾ ਸੀ। ਦਸਾਂ ਗੁਰ ਵਿਅਕਤੀਆਂ ਨੇ ਇਹੀ ਗੱਲ ਕਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅੰਤਮ ਰਸਮ ਵੀ ਅਦਾ ਕਰ ਦਿੱਤੀ। ਐਸਾ ਨਾ ਸੋਚਣਾ ਕਿ ਪਹਿਲਾਂ ਬਾਣੀ ਦਾ ਆਦਰ ਅਦਬ ਨਹੀਂ ਸੀ। ਨਹੀਂ, ਖੁਦ ਗੁਰ ਵਿਅਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਸਨ। ਬਾਣੀ ਦਾ

ਆਦਰ ਕਰਦੇ ਸਨ। ਇੱਕ ਸਾਖੀ ਪ੍ਰਸਿੱਧ ਹੈ ਕਿ ਗੁਰੂ ਹਰਿ ਰਾਇ ਸਾਹਿਬ ਜੀ ਬਾਣੀ ਦੇ ਆਦਰ ਲਈ ਆਰਾਮ ਕਰਦੇ ਛੇਤੀ ਉੱਠੇ ਤੇ ਗੋਡੇ ਤੇ ਸੱਟ ਲੱਗ ਗਈ ਸੀ। ਸਤਿਕਾਰ ਤਾਂ ਗੁਰ ਵਿਅਕਤੀ ਕਰਦੇ ਸਨ। ਜੋ ਅਸੀਂ ਕਹਿੰਦੇ ਹਾਂ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੀ ਇਹ ਸਿੱਖਾਂ ਪ੍ਰਤੀ ਇੱਕ ਹੁਕਮ ਸੀ ਜਿਸ ਨੂੰ ਰਸਮ ਦੇ ਰੂਪ ਵਿੱਚ ਵੀ ਕਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਹੀ ਤੁਹਾਡਾ ਗੁਰੂ ਹੈ। ਇੱਕ ਗੱਲ ਸਾਨੂੰ ਕਦੀ ਨਹੀਂ ਭੁਲਣੀ ਚਾਹੀਦੀ ਕਿ ਜਿਵੇਂ ਗੁਰ ਵਿਅਕਤੀਆਂ ਨੂੰ ਗੁਰਿਆਈ ਗੱਦੀ ਦਿੱਤੀ ਜਾਂਦੀ ਸੀ ਉਹੀ ਰਸਮ ਕੀਤੀ ਗਈ। ਪਰ ਗੁਰ ਵਿਅਕਤੀ ਸੇਵਾ ਕਰਕੇ ਗੁਰਗੱਦੀ ਦੇ ਯੋਗ ਹੋਏ ਸਨ ਜਿਵੇਂ ਗੁਰੂ ਅੰਗਦ ਦੇਵ ਜੀ ਨੇ ਕੀਤੀ, ਗੁਰੂ ਅਮਰਦਾਸ ਜੀ ਨੇ ਕੀਤੀ ਸੀ, ਗੁਰੂ ਰਾਮਦਾਸ ਜੀ ਨੇ ਕੀਤੀ ਸੀ। ਪਰ ਸ਼ਬਦ ਗੁਰੂ ਤਾਂ ਧੁਰੋਂ ਹੀ ਗੁਰੂ ਸਨ। ਇਹ ਇੱਕ ਰਸਮ ਸ਼ਬਦ ਦੇ ਸਤਿਕਾਰ ਵਾਸਤੇ ਤੇ ਖਾਲਸੇ ਨੂੰ ਹੁਕਮ ਦ੍ਰਿੜ੍ਹ ਕਰਾਉਣ ਵਾਸਤੇ ਕੀਤੀ ਗਈ ਸੀ।

ਅੱਜ ਸਮੁੱਚਾ ਸਿੱਖ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੈ। ਰੋਜ਼ਾਨਾ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਵਿੱਚ ਬੈਠ ਕੇ ਸਿੱਖੀ ਦੀ ਜਾਚਨਾ ਕਰਦਾ ਹੈ। ਪੰਜ ਪਿਆਰੇ ਵੀ, ਜੇ ਅੰਮ੍ਰਿਤਪਾਨ ਕਰਾਉਂਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਕੇ ਆਗਿਆ ਮੰਗਦੇ ਹਨ। ਸਤਿਗੁਰਾਂ ਕਿਹਾ ਸੀ, ਮੇਰਾ ਸਰੀਰ ਪੰਥ ਵਿੱਚ ਤੇ ਆਤਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲੀਣ ਹੋ ਰਹੀ ਹੈ। ਤੇ ਤੁਹਾਨੂੰ ਮੇਰਾ ਇਹ ਹੁਕਮ ਹੈ ਕਿ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਨੂੰ ਗੁਰੂ ਨਹੀਂ ਮੰਨਣਾ।

ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਜਿਹੜਾ ਬੰਦਾ ਹੋਰ ਪਾਸੇ ਜਾਂਦਾ ਹੈ ਤੇ ਆਪਣੇ ਆਪ ਨੂੰ ਸਿੱਖ ਵੀ ਸਮਝਦਾ ਹੈ। ਉਹ ਭੁਲੇਖੇ ਵਿੱਚ ਹੈ। ਸਿਆਣਿਆਂ ਦੇ ਕਥਨ ਅਨੁਸਾਰ ਕਾਫੀ ਧਰਮ ਹਨ ਅਤੇ ਹਰ ਧਰਮ ਦੀ ਆਪਣੀ ਸਾਧਨਾ ਹੈ। ਮੁਬਾਰਕ ਹੈ ਜਿਵੇਂ ਠੀਕ ਸਮਝਦੇ ਹਨ ਕਰਨ। ਪਰ ਇੱਕ ਗੱਲ ਸਾਫ਼ ਹੈ ਕਿ ਜਿਹੜਾ ਬੰਦਾ ਦੇਹ ਧਾਰੀ ਗੁਰੂ ਨੂੰ ਮੰਨਦਾ ਹੈ, ਉਹ ਕੁਝ ਹੋਰ ਤਾਂ ਹੋ ਸਕਦਾ ਹੈ, ਪਰ ਸਿੱਖ ਨਹੀਂ ਹੋ ਸਕਦਾ। ਉਸ ਵਿੱਚ ਬੜੇ ਗੁਣ ਹੋਣ, ਹੋ ਸਕਦਾ ਹੈ ਉਸ ਪਾਸ ਬੜਾ ਧਨ ਹੋਵੇ ਹੋ ਸਕਦਾ ਹੈ, ਉਸਦਾ ਬੜਾ ਅਸਰ ਰਸੂਖ ਹੋਵੇ। ਹੋ ਸਕਦਾ ਹੈ, ਉਸਦਾ ਉਸਦੇ ਮਜ਼ਹਬ ਵਿੱਚ ਬੜਾ ਸਨਮਾਨ ਹੋਵੇ। ਬਹੁਤ ਕੁਝ ਉਹ ਹੋ ਸਕਦਾ ਹੈ, ਪਰ ਜੇ ਪ੍ਰਮਾਤਮਾ ਤੇ ਵਿਸ਼ਵਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ਼ਰਧਾ ਨਹੀਂ ਪੰਜਾਂ ਪਿਆਰਿਆਂ ਤੋਂ ਅੰਮ੍ਰਿਤਪਾਨ ਨਹੀਂ ਕੀਤਾ ਤਾਂ ਇਹ ਸੱਚ ਹੈ ਤੇ ਗੁਰੂ ਗੋਬਿੰਦ ਸਿੰਘ ਦਾ ਹੁਕਮ ਹੈ ਕਿ ਉਹ ਮੇਰਾ ਸਿੱਖ ਨਹੀਂ ਹੋ ਸਕਦਾ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਹਨ ਤੇ ਇੰਝ ਕਹਿ ਦਿਆਂ ਕਿ ਦਸ ਗੁਰ ਵਿਅਕਤੀ ਜਿਸ ਨੂੰ ਗੁਰੂ ਆਖ ਕੇ ਜਿਸ ਨਾਲ ਸੰਗਤਾਂ ਨੂੰ ਜੋੜਦੇ ਰਹੇ ਹਨ ਉਹ ਇਹੀ ਗੁਰੂ ਹੈ ਜਿਸ ਨੂੰ ਅਣਗਿਣਤ ਪ੍ਰਾਣੀ ਸਿਰ ਝੁਕਾਉਂਦੇ ਹਨ ਤੇ ਕਹਿੰਦੇ ਹਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

**ਧੰਨਵਾਦ ਸਾਹਿਤ ਵਿਚੋਂ :- ਗੁਰਪੁਰਬ ਗਾਥਾਵਾਂ**

# ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ

**ਸਿੰਘ ਸਾਹਿਬ ਗਿਆਨੀ ਮੱਲ ਸਿੰਘ**

"ਖ਼ਾਲਸਾ ਜੀ !" ਗੁਰਦੇਵ ਨੇ ਸਾਰੇ ਸਿੱਖਾਂ ਨੂੰ ਸੰਬੋਧਨ ਕਰਕੇ ਕਿਹਾ, "ਚਿੰਤਾ ਕਰਨ ਦੀ ਲੋੜ ਨਹੀਂ । ਭਾਣਾ ਮੰਨਣ ਵਿੱਚ ਹੀ ਭਲਾ ਹੈ । ਸਾਡਾ ਅੰਤ ਸਮਾਂ ਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰੋ । ਅਸੀਂ ਅੰਤਮ ਰਸਮ ਅਦਾ ਕਰਨਾ ਚਾਹੁੰਦੇ ਹਾਂ ।"

**'ਇਮ ਕਹਿ ਗੁਰੂ ਗ੍ਰੰਥ ਦਾ ਪ੍ਰਕਾਸ਼ ਕਰਾਯੋ ।**
**ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ ।**
**ਕਰ ਪ੍ਰਕਰਮਾ ਗੁਰੂ ਜੀ ਅਭਿਬੰਦਨ ਕੀਉ ।**
**ਗੁਰੂ ਰੂਪ ਥਪਿ ਪੂਜ ਕੈ ਸਭਿ ਤੇ ਪੁਜਵਈਉ ।**

ਸਿੱਖ ਉਦਾਸੀ ਵਿੱਚ ਡੁੱਬ ਗਏ । ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ । ਹਜ਼ੂਰ ਨੇ ਘੁੱਟ ਕੇ ਫੱਟ ਬੰਨ੍ਹ ਲਿਆ । ਮਹਾਰਾਜ ਦੀਵਾਨ ਵਿੱਚ ਅੰਤਮ ਵਾਰ ਆਏ । ਗੁਰੂ ਗ੍ਰੰਥ ਸਾਹਿਬ ਦੀਆਂ ਪਰਕਰਮਾਂ ਕਰਕੇ 'ਆਦਿ ਗੁਰੂ ਗ੍ਰੰਥ ਸਾਹਿਬ' ਅੱਗੇ ਮੱਥਾ ਟੇਕਿਆ, ਤੇ ਸਾਰੀ ਸੰਗਤ ਨੂੰ ਸੰਬੋਧਨ ਕਰਕੇ ਐਲਾਨ ਕੀਤਾ, ਖ਼ਾਲਸਾ ਜੀ !

**ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ।**
**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ ।**
**ਗੁਰੂ ਗ੍ਰੰਥ ਜੀ ਮਾਨਿਯੋ ਪ੍ਰਗਟ ਗੁਰਾਂ ਕੀ ਦੇਹ ।**
**ਜੋ ਪ੍ਰਭਿ ਕੋ ਮਿਲਬੋ ਚਹੈ ਖੋਜ ਸਬਦ ਮੇ ਲੇਹ ।**
**ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ ।**
**ਖੁਆਰ ਹੋਇ ਸਭ ਮਿਲਹਿਗੇ ਬਚੇ ਸਰਨ ਜੋ ਹੋਇ ।**

ਸਾਡੇ ਪਿਛੋਂ ਦੇਹਧਾਰੀ ਗੁਰੂ ਨਹੀਂ ਹੋਵੇਗਾ । ਦਸਾਂ ਗੁਰੂਆਂ ਦਾ ਸਰੂਪ 'ਗੁਰੂ ਗ੍ਰੰਥ ਸਾਹਿਬ' ਹੀ ਪੰਥ ਦਾ ਸਦੀਵੀ ਗੁਰੂ ਹੋਵੇਗਾ । ਗੁਰੂ ਗ੍ਰੰਥ ਦੀ ਹਜ਼ੂਰੀ ਵਿੱਚ ਪੰਥ ਦੇ ਚੁਣੇ ਹੋਏ 'ਪੰਜ ਪਿਆਰੇ' ਜੋ ਗੁਰਮਤਾ ਕਰਿਆ ਕਰਨਗੇ, ਉਹ ਗੁਰੂ ਕਾ 'ਹੁਕਮ' ਹੋਵੇਗਾ ।

**ਗੁਰੂ ਗ੍ਰੰਥ ਕਲਿਜੁਗ ਭਯੋ, ਸ੍ਰੀ ਗੁਰੂ ਰੂਪ ਸਮਾਨ ।**
**ਦਸ ਪਾਤਸ਼ਾਹੀਆਂ ਰੂਪ ਇਹ, ਗੁਰੂ ਗ੍ਰੰਥ ਜੀ ਜਾਨ ।੪੧੨।**
**ਗੁਰੂ ਦਰਸ ਜਿਹ ਦੇਖਣਾ, ਸ੍ਰੀ ਗ੍ਰੰਥ ਦਰਸਾਇ ।**
**ਬਾਤ ਕਰਨ ਗੁਰ ਸੋ ਚਾਹੇ, ਪੜੇ ਗ੍ਰੰਥ ਮਨ ਲਾਏ ।੪੧੩।**

**(ਗੁਰ ਬਿਲਾਸ ਪਾਤਸ਼ਾਹੀ ੧੦)**

ਗ੍ਰੰਥ ਗੁਰੂ ਮਹਿ ਨਿਹਚਾ ਧਾਰਾਂ । ਤਾਂ ਬਿਨ ਚਾਹ ਨਾ ਧਰੋ ਪਿਆਰੇ ।
ਤਾਕੀ ਵਾਛਾ ਸਭ ਗੁਰ ਪੂਰੇ । ਯਾ ਪਰ ਨਿਹਚਾ ਭ੍ਰਮ ਸਭ ਦੂਰੇ ।

(ਬੰਸਾਵਲੀ ਨਾਮਾ)

**ਗਰੀਬ ਨਿਵਾਜ ਸਿੱਖ ਸੰਗਤ ਤੇਰੀ, ਇਸ ਦਾ ਕੀ ਹਵਾਲ ।**
**ਬਚਨ ਕੀਤਾ ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ ।**

"ਅਕਾਲ ਪੁਰਖ ਦਾ ਭਾਣਾ ਮੰਨਣਾ । ਪੰਥ ਦੀ ਚੜ੍ਹਦੀ ਕਲਾ ਵਾਸਤੇ ਉੱਦਮ ਕਰਦੇ ਰਹਿਣਾ । ਨਾਮ ਜਪਣਾ ਤੇ ਸਿੱਖੀ ਰਹਿਤ ਮਰਯਾਦਾ ਵਿੱਚ ਪੱਕੇ ਰਹਿਣਾ ਸਾਡੇ ਵੱਲੋਂ ਸਰਬੱਤ ਸਾਧ ਸੰਗਤ ਨੂੰ ਫ਼ਤਹਿ ਪਰਵਾਨ ਹੋਵੇ । ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ।" ਗੁਰਦੇਵ ਨੇ ਇੱਕ ਵਾਰ ਫੇਰ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ, ਤੇ ਆਪਣੇ ਤੰਬੂ ਵਿੱਚ ਚਲੇ ਗਏ । ਸ਼ਸਤਰ ਉਸ ਵੇਲੇ ਵੀ ਮਹਾਰਾਜ ਨੇ ਸਜਾਏ ਹੋਏ ਸਨ । ਵਿਸਥਾਰ ਸਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ 'ਗੁਰੁ ਸਾਗਰੁ ਰਤਨੀ ਭਰਪੂਰੇ', ਪੰਨਾ ੮੯ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ।

## ਜੋਤੀ-ਜੋਤਿ ਸਮਾਉਣਾ

ਫਿਰ ਜ਼ਖ਼ਮ ਵਿਚੋਂ ਖ਼ੂਨ ਬੰਦ ਨਹੀਂ ਹੋਇਆ । ਸਿੰਘ ਬੇਨਤੀ ਕਰਦੇ ਸਨ ਇਲਾਜ ਵਾਸਤੇ ਪਰ ਆਪ ਜੀ ਜਾਣੀ-ਜਾਣ ਸਨ ਅਤੇ ਆਤਮਾ ਓਵੇਂ ਬਲਵਾਨ ਸੀ । ਚਿਹਰੇ ਦਾ ਤਪ ਤੇਜ ਕਾਇਮ ਸੀ । ਅਗਲੇ ਦਿਨ ਅੰਮ੍ਰਿਤ ਵੇਲੇ ਗੁਰਦੇਵ ਨੇ ਅੰਤਮ ਫ਼ਤਹਿ ਬੁਲਾਈ ਤੇ ਜੋਤੀ-ਜੋਤਿ ਸਮਾ ਗਏ ।

ਗਈ ਅਰਧ ਰਾਤੰ ਘਰੀ ਚਾਰ ਅਉਰੇ ।
ਭਏ ਸਬਦ ਰੂਪੀ ਭਰੀ ਬਾਤ ਅਉਰੇ ।੩੩॥

## ਦੋਹਰਾ

ਬਿਸਮੇ ਸਭ ਹੋਇ ਰਹੇ ਮਨ ਮੈ ਕਛ ਕੀ ਕਛੂ ਹੋਇ ਗਈ ਅਬ ਹੀ ।
ਮਿਲਕੈ ਸਬ ਸਿੰਘਨ ਤਾਹਿ ਸਮੈ, ਇਹ ਭਾਂਤ ਬਿਚਾਰ ਕਿਯੋ ਤਬ ਹੀ ।
ਸਸਕਾਰ ਕਰੋ ਜਿਸ ਹੀ ਕੈ ਸਮੈ, ਨਿਕਸੈ ਨਹੀ ਭਾਨ ਕਹਯੋ ਸਭ ਹੀ ।
ਇਮ ਕਾਰਨ ਕਾਰਜ ਕੋ ਕਰ ਹੀ, ਮਿਲਿ ਜੋਤ ਸੋ ਜੋਤ ਗਈ ਤਬ ਹੀ ।੩੬॥

(ਗੁਰ ਸੋਭਾ)

ਉਸ ਦਿਨ ਵੀਰਵਾਰ, ਕੱਤਕ ਸੁਦੀ ਪੰਜ ਸੀ, ਅਤੇ ਸੰਤ ੧੭੬੫ ਸੀ ।

ਕਰਤਾਰ ਕੀ ਸੁਗੰਧ ਹੈ ਨਾਨਕ ਕੀ ਕਸਮ ਹੈ ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ । (ਅੱਲਾਯਾਰ ਖ਼ਾਂ)

ਧੰਨਵਾਦ ਸਾਹਿਤ ਵਿਚੋਂ :-ਦਸ ਗੁਰ-ਜੋਤ

# ਗੁਰਪ੍ਰਸਾਦਿ

ਪ੍ਰਿੰਸੀਪਲ ਨਰਿੰਦਰ ਬੀਰ ਸਿੰਘ

ਸੰਸਾਰ ਦੇ ਸਾਰੇ ਧਰਮ ਕਰਮ ਫਿਲਾਸਫੀ ਤੇ ਆਧਾਰਿਤ ਹਨ । ਉਨ੍ਹਾਂ ਦੀ ਸੋਚ ਅਨੁਸਾਰ ਚੰਗੇ ਕਰਮ ਕਰਨ ਨਾਲ ਭੈੜੇ ਕਰਮਾਂ ਨੂੰ ਖਤਮ ਕੀਤਾ ਜਾ ਸਕਦਾ ਹੈ, ਜੀਵਨ ਸਫਲ ਕੀਤਾ ਜਾ ਸਕਦਾ ਹੈ । ਕਰਮ ਫਿਲਾਸਫੀ ਮਨੁਖ ਦੀ "ਮੈਂ" ਤੇ ਖੜੀ ਹੈ । ਮੈਂ ਦੀ ਹੋਂਦ ਐਸੀ ਹੋਂਦ ਹੈ ਜਿਹੜੀ ਮਨੁਖ ਨੂੰ ਰੱਬ ਤੋਂ ਦੂਰ ਕਰਦੀ ਹੈ । ਏਸੇ ਲਈ ਬਾਣੀ ਦਾ ਫੁਰਮਾਣ ਹੈ ਕਿ

ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥
ਤਬ ਇਸ ਕਉ ਸੁਖੁ ਨਾਹੀ ਕੋਇ ॥
ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ (ਅੰਕ ੨੭੮)

ਅਥਵਾ

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ, ਤਾ ਗੁਰ ਕਾ ਸਬਦੁ ਕਮਾਹਿ ॥ (ਅੰਕ ੪੬੬)

ਇਕ ਗਲ ਚੇਤੇ ਰਹੇ ਕਿ ਮੈਂ ਨਾਲ ਕੀਤੇ ਕਰਮ ਕਦੀ ਵੀ ਤੱਕੜੀ ਤੇ ਤੋਲ ਦੇ ਚੰਗੇ ਮੰਦੇ ਬਰਾਬਰ ਨਹੀ ਹੋ ਸਕਦੇ । ਦੂਸਰਾ ਮੈਂ ਦੇ ਆਧਾਰ ਤੇ ਕੀਤੇ ਕਰਮ ਹਮੇਸ਼ਾ ਦ੍ਰਿਸ਼ਟਮਾਨ ਹੁੰਦੇ ਹਨ । ਜਿਵੇਂ ਪੁੰਨ, ਦਾਨ, ਤੀਰਥ ਇਸ਼ਨਾਨ, ਜੱਗ ਹੋਮ ਅਤੇ ਹੋਰ ਅਨੇਕ ਐਸੀਆਂ ਕਿਰਿਆਵਾਂ । ਇਹ ਕਰਮ ਹਮੇਸ਼ਾ ਸੰਸਾਰੀ ਮਨੁਖਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹੋ ਜਿਹੇ ਕੀਤੇ ਕਰਮਾਂ ਦੀ ਸੰਸਾਰ ਸ਼ੋਭਾ ਵੀ ਕਰਦਾ ਹੈ । ਇਸ ਸ਼ੋਭਾ ਦਾ ਅਸਰ ਮਨੁਖ ਦੇ ਮਨ ਤੇ ਪੈਂਦਾ ਹੈ ਅਤੇ ਉਹ ਉਸਨੂੰ ਹੋਰ ਹੰਕਾਰੀ ਬਣਾ ਦਿੰਦਾ ਹੈ । ਇਸ ਪ੍ਰਕਾਰ ਮਨੁਖ ਵਾਹਿਗੁਰੂ ਨੂੰ ਭੁਲ ਕੇ ਆਪਣੇ ਆਪ ਨੂੰ ਕਰਤਾ ਸਮਝਦਾ ਹੈ । ਇਹ ਕਰਤਾ ਭਾਵ ਹੀ ਮਨੁਖ ਤੇ ਅਕਾਲ ਪੁਰਖ ਦੇ ਮਿਲਾਪ ਵਿਚ ਸਭ ਤੋਂ ਵਡਾ ਰੋੜਾ ਹੈ ।

ਜੇ ਕਰਮ ਕਰਨ ਦੇ ਸਿਧਾਂਤ ਨੂੰ ਗੁਰਮਤਿ ਦੀ ਕਸਵਟੀ ਤੇ ਵਾਚਨ ਦਾ ਯਤਨ ਕਰੀਏ ਤਾਂ ਇਹ ਗਲ ਸਪਸ਼ਟ ਹੋਵੇਗੀ ਕਿ ਕਰਤਾ ਕੇਵਲ ਤੇ ਕੇਵਲ ਵਾਹਿਗੁਰੂ ਅਕਾਲਪੁਰਖ ਹੀ ਹੈ । ਇਸ ਸਿਧਾਂਤ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਜਪੁ ਜੀ ਸਾਹਿਬ ਦੀ ਆਰੰਭਤਾ ਵਿੱਚ ਇਸ ਪ੍ਰਕਾਰ ਬਖਸ਼ਿਸ਼ ਕੀਤਾ ਹੈ ।

ਵਾਹਿਗੁਰੂ ਅਕਾਲ ਪੁਰਖ ਇੱਕ ਹੈ । ਸਾਰਾ ਦ੍ਰਿਸ਼ਟਮਾਨ ਉਸਦਾ ਪਾਸਾਰਾ ਹੈ । ਉਹ ਸਤ ਹੋਂਦ ਵਾਲਾ ਹੈ ਸਦੀਵੀ ਹੈ, ਅਬਿਨਾਮੀ ਹੈ । ਉਹ ਆਪ ਕਰਤਾ ਹੈ, ਅਤੇ ਸਾਰੀ ਸ੍ਰਿਸ਼ਟੀ ਵਿੱਚ ਪੂਰਿਆ ਹੋਇਆ ਹੈ । ਆਸਾ ਦੀ ਵਾਰ ਦੀ ਪਹਿਲੀ ਪਉੜੀ ਵਿੱਚ ਹੀ ਇਹ ਸਿਧਾਂਤ ਸਾਫ ਹੋ ਜਾਂਦਾ ਹੈ ।

ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ
ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਊ ॥ (ਅੰਕ ੪੬੩)

ਉਪਰੋਕਤ ਤੋਂ ਸਪਸ਼ਟ ਹੈ ਕਿ ਸੰਸਾਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਉਹ ਕਰਤਾ ਪੁਰਖ ਕਰਕੇ ਹੋ ਰਿਹਾ ਹੈ । ਮਨੁਖ ਤਾਂ ਕੇਵਲ ਵਾਹਿਗੁਰੂ ਦੀ ਇਕ ਕਟਪੁਤਲੀ ਹੈ । ਉਹ ਜਿਵੇਂ ਕਿਸੇ ਨੂੰ ਨਚਾਉਂਦਾ ਹੈ ਤਿਵੇ ਕੋਈ ਨਚਦਾ ਹੈ – ਅਰਥਾਤ ਉਹੋ ਜਿਹੇ ਕਰਮ ਕਰਦਾ ਹੈ ।

ਪਰ ਇਹ ਸਿਧਾਂਤ ਮਨੁਖ ਦੀ ਸੁਰਤਿ ਵਿੱਚ ਕਦੇ ਨਹੀ ਸਮਾਉਦਾ ਅਤੇ ਉਹ ਹਰ ਕੀਤੇ ਕਰਮ ਨੂੰ ਅਪਣੇ ਨਾਲ ਜੋੜ ਕੇ ਅਪਣੇ ਆਪ ਨੂੰ ਕਰਤਾ ਪ੍ਰਗਟ ਕਰਦਾ ਹੈ ।

ਗੁਰਬਾਣੀ ਮਨੁਖ ਨੂੰ ਇਹ ਸੋਝੀ ਬਖਸ਼ਦੀ ਹੈ ਕਿ ਹੇ ਮਨੁਖ, ਤੇਰਾ ਕੰਮ ਉਦਮ ਕਰਨਾ ਹੈ ਤੇ ਉਸਦਾ ਫਲ ਵਾਹਿਗੁਰੂ ਕੇ ਹਥ ਵਿੱਚ ਹੈ ।

ਉਦਮੁ ਕਰੇਦਿਆਂ ਜੀਉ ਤੂੰ
ਕਮਾਵਦਿਆਂ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ
ਨਾਨਕ ਉਤਰੀ ਚਿੰਤ ॥ (ਅੰਕ ੫੨੨)

ਉਪਰੋਕਤ ਕਰਮ ਕਰਦਿਆਂ ਤੈਨੂੰ ਵਿਸ਼ਵਾਸ਼ ਹੋਵੇ ਕਿ ਕਰਨ ਵਾਲਾ ਵਾਹਿਗੁਰੂ ਹੈ । ਉਸ ਦੀ ਜੋਤਿ ਹੀ ਮੇਰੇ ਅੰਦਰ ਸਭ ਕੁਝ ਕਰ ਰਹੀ ਹੈ ਜੋ ਕੁਝ ਮੈਥੋਂ ਹੋ ਰਿਹਾ ਹੈ, ਉਹ ਸਭ ਉਸ ਵਾਹਿਗੁਰੂ ਜੀ ਦੀ ਕਿਰਪਾ ਹੈ ਗੁਰਪਰਸਾਦ ਹੈ।

ਗੁਰਮਤਿ ਦਾ ਸਿਧਾਂਤ ਕਰਮ ਕਰਦਿਆਂ ਵਾਹਿਗੁਰੂ ਦੀ ਕਿਰਪਾ ਦਾ ਪਾਤਰ ਬਣਨਾ ਹੈ । ਇਸ ਤਰੀਕੇ ਨਾਲ ਕਰਮ ਕਰਦਿਆਂ ਮਨੁਖ ਦੇ ਅੰਦਰ ਅੰਹਕਾਰ ਦੀ ਭਾਵਨਾ ਨਹੀ ਬਣਦੀ । ਅੰਹਕਾਰ ਤੋਂ ਛੁਟਕਾਰਾ ਪਾਕੇ ਵਾਹਿਗੁਰੂ ਵਿੱਚ ਲੀਨ ਹੋਣ ਦਾ ਇਕੋ ਇਕ ਰਾਹ/ਤਰੀਕਾ ਹੈ ਗੁਰਪਰਸਾਦ ।

ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥
ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥ (ਅੰਕ ੨੨੯)

ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰਾ ॥ (ਅੰਕ ੩੬)

ਮੂਹਤੁ ਨ ਚਸਾ ਵਿਲੰਮੁ, ਭਰੀਐ ਪਾਈਐ ॥ (ਅੰਕ ੧੪੭)

ਗੁਰ ਪ੍ਰਸਾਦੀ ਬੁਝਿ ਸਚਿ ਸਮ੍ਹਾਈਐ ॥
ਹਰਿ ਨਾਮਾ ਜਸੁ ਜਾਚਉ ਨਾਉ ॥
ਗੁਰਪਰਸਾਦੀ ਬ੍ਰਹਮਿ ਸਮਾਉ ॥ (ਅੰਕ ੩੫੫)

ਇਸ ਪ੍ਰਕਾਰ ਸੰਸਾਰ ਦੀ ਕਰਮ ਫਿਲਾਸਫੀ ਮੈਂ ਤੇ ਖੜੀ ਹੈ ਅਤੇ ਗੁਰਮਤਿ ਦੀ ਕਰਮ ਫਿਲਾਸਫੀ ਤੂੰ, ਗੁਰਪ੍ਰਸਾਦਿ ਤੇ ਆਧਾਰਿਤ ਹੈ ।

ਮੈਂ ਕਰਤਾ ਬਣ ਕੇ ਕਦੀ ਵੀ ਪ੍ਰਮਾਤਮਾ ਵਿਚ ਲੀਨ ਨਹੀ ਹੋ ਸਕਦਾ ਅਤੇ ਪਰਮਾਤਮਾ ਨੂੰ ਕਰਤਾ ਸਮਝ ਕੇ ਮੈਂ ਨੂੰ ਮਿਟਾ ਅਕਾਲਪੁਰਖ ਵਿਚ ਲੀਨ ਹੋਣਾ ਹੈ । ਇਹੀ ਹੈ ਗੁਰਪਰਸਾਦ ਦਾ ਸਿਧਾਂਤ ਜਿਸਨੂੰ ਗੁਰਸਿਖ ਨੇ ਅਪਣੇ ਜੀਵਨ ਵਿਚ ਕਮਾਉਣਾ ਹੈ । ਕਬੀਰ ਜੀ ਇਉ ਫੁਰਮਾਉਦੇਂ ਨੇ

ਕਬੀਰ ਤੂੰ ਤੂੰ ਕਰਤਾ ਤੂੰ ਹੂਆ,
ਮੁਝ ਮਹਿ ਰਹਾ ਨ ਹੂੰ ॥
ਜਬ ਆਪਾ ਪਰ ਕਾ ਮਿਟਿ ਗਇਆ
ਜਤ ਦੇਖਉ ਤਤ ਤੂੰ ॥( ਅੰਕ ੧੩੨੫)

ਵਾਹਿਗੁਰੂ ਜੀ ਕਾ ਖਾਲਸਾ,

ਵਾਹਿਗੁਰੂ ਜੀ ਕੀਫਤਹਿ ॥

## ਅਗਸਤ ਮਹੀਨੇ ਦੇ ਸਮਾਗਮ:-

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨ ਸਮਾਗਮ:-

ਧੰਨਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਵਲੋਂ ਅਖੰਡ ਕੀਰਤਨ ਸਮਾਗਮ ਮਿਤੀ 17-08-2019 ਦਿਨ ਸ਼ਨੀਵਾਰ ਸ਼ਾਮ 6.30 ਵਜੇ ਤੋਂ 9.00 ਤੱਕ ਗੁਰਮਤਿ ਪ੍ਰਸਾਰ ਭਵਨ ਵਿਖੇ ਕੀਤੇ ਜਾਣਗੇ । ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ।

# ਸਤਿਗੁਰਾਂ ਖੁਦ ਗੁਰਬਾਣੀ ਦਾ ਸਤਿਕਾਰ ਕੀਤਾ ਅਤੇ ਕਰਨ ਦੀ ਤਾਕੀਦ ਕੀਤੀ

ਸੇਵਾ ਸਿੰਘ (ਸੰਤ), ਗੁਰਦੁਆਰਾ ਰਾਮਪੁਰ ਖੇੜਾ

ਜਿਸ ਵੇਲੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦੇ ਰੂਪ ਵਿੱਚ ਸੰਪਾਦਨਾ ਮੁਕੰਮਲ ਹੋ ਗਈ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਿਰੰਕਾਰ ਸਰੂਪ ਗੁਰਬਾਣੀ,

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥**
**ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥**

**ਗੂਜਰੀ ਕੀ ਵਾਰ:੧ (ਮ: ੩) – ਅੰਗ ੫੧੬**

ਦਾ ਸਤਿਕਾਰ ਕਰਨ ਵਾਸਤੇ ਤਾਕੀਦ ਕੀਤੀ ਅਤੇ ਨਿਰੰਕਾਰ ਸਰੂਪ ਬਾਣੀ ਦਾ ਖੁਦ ਆਪ ਸਤਿਕਾਰ ਕਰਕੇ ਦਰਸਾਇਆ । ਭਾਦਰੋਂ ਸੁਦੀ ਏਕਮ ਸੰਮਤ ੧੬੬੧, (੧੪ ਅਗਸਤ, ੧੬੦੪ ਈ:) ਦਾ ਦਿਨ ਮੁਕੱਰਰ ਕਰਕੇ, ਨਗਰ ਕੀਰਤਨ ਦੇ ਰੂਪ ਵਿੱਚ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਬਾਬਾ ਬੁੱਢਾ ਜੀ ਦੇ ਸੀਸ ਤੇ ਸੁਸ਼ੋਭਤ ਕਰਕੇ, ਆਪ ਸਾਰੇ ਰਸਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਕਰਦੇ ਪੈਦਲ-ਰਾਮਸਰ ਸਾਹਿਬ ਤੋਂ ਚਲ ਕੇ ਸ੍ਰੀ ਹਰਿਮੰਦਰ ਸਾਹਿਬ ਪੁੱਜੇ । ਜਿਸ ਜਗ੍ਹਾ ਆਪ ਗੁਰੂ ਅਰਜਨ ਦੇਵ ਜੀ ਗੁਰਤਾ ਗੱਦੀ ਤੇ ਬਿਰਾਜਦੇ ਸਨ ਉਥੇ ਸੋਹਣਾ ਪੀੜ੍ਹਾ ਸਾਹਿਬ ਸਸ਼ੋਭਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ । ਪ੍ਰਕਾਸ਼ ਕਰਨ ਦੀ ਸੇਵਾ ਬਾਬਾ ਬੁੱਢਾ ਸਾਹਿਬ ਜੀ ਨੇ ਨਿਭਾਈ । ਪ੍ਰਕਾਸ਼ ਕਰਨ ਸਮੇਂ ਸ਼ਬਦ ਗੁਰੂ ਦਾ ਜੋ ਹੁਕਮ ਪ੍ਰਾਪਤ ਹੋਇਆ ਸੰਗਤਾਂ ਨੇ ਬੜੇ ਪਿਆਰ ਨਾਲ ਸਰਵਣ ਕਰਕੇ ਸੀਸ ਝੁਕਾਇਆ, ਹੁਕਮ ਸੀ :-

**ਸੂਹੀ ਮਹਲਾ ੫ ॥**

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**
**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥**
**ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥**
**ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥**
**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥**
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥**

**ਸੂਹੀ (ਮ: ੫) – ਅੰਗ ੭੮੪**

ਇਸ ਸਾਰੀ ਵਾਰਤਾ ਨੂੰ ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਕਰਤਾ ਨੇ ਹੇਠ ਲਿਖੇ ਅਨੁਸਾਰ

ਵਰਣਨ ਕੀਤਾ ਹੈ :-

**ਬੁੱਢੇ ਕੋ ਸ੍ਰੀ ਗੁਰੂ ਕਹਾ ਸੀਸ ਆਪਨੇ ਧਾਰਿ ॥**
**ਗੁਰੂ ਗ੍ਰਿੰਥ ਅਤਿ ਪ੍ਰੇਮ ਸੋਂ ਮਨ ਮੈ ਸ਼ਾਂਤ ਵਿਚਾਰ ॥੨੦॥**
**ਚੌਪਈ ॥ ਸਤਿ ਬਚਨ ਬੁੱਢੇ ਮੁਖਿ ਗਾਇ ॥**
**ਗੁਰੂ ਗ੍ਰਿੰਥ ਸਿਰਿ ਲਯੋ ਉਠਾਇ ॥**
**ਸ੍ਰੀ ਗੁਰ ਚੌਰ ਆਪ ਕਰ ਧਾਰਯੋ ॥**
**ਬਜੇ ਸੰਖ ਧੁਨਿ ਵਾਰ ਨ ਪਾਰਯੋ ॥੨੧॥ ਪੰਨਾ ੧੨੧**

**ਤਥਾ- ਦੋਹਰਾ ॥ ਏਕ ਘਰੀ ਨਿਸਿ ਜਬ ਰਹੀ ਸ੍ਰੀ ਗੁਰ ਆਗਯਾ ਪਾਇ ॥**
**ਸਾਹਿਬ ਬੁੱਢੇ ਅਦਬ ਸੋਂ ਖਲੋਯੋ ਗ੍ਰਿੰਥ ਬਨਾਇ ॥੨੫॥**
**ਆਪਿ ਚੌਰ ਸ੍ਰੀ ਗੁਰੂ ਕਰਤ ਬੁਢੇ ਲਈ ਅਵਾਜ਼ ॥**
**ਏਕ ਚਿਤ ਸੰਗਤਿ ਸੁਨੈ ਸਭਿ ਮਨਿ ਸ਼ਾਂਤ ਬਿਰਾਜ ॥੨੬॥**

**ਗੁਰ ਬਿਲਾਸ ਪਾਤਸ਼ਾਹੀ ੬, ਪੰਨਾ ੧੨੨**

ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮ ਲੈਣ ਉਪ੍ਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਪ੍ਰਤੀ ਬਚਨ ਕੀਤਾ ਕਿ ਇੱਕੋ ਸਮੇਂ ਹਰੇਕ ਥਾਂ ਤੇ ਸਤਿਗੁਰੂ ਦੇ ਸਰੀਰਕ ਦਰਸ਼ਨ ਨਹੀਂ ਹੋ ਸਕਦੇ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੇਰਾ ਹਿਰਦਾ ਹੈ, ਜੋ ਸਾਰੇ ਥਾਵਾਂ ਤੇ ਸਾਰਿਆਂ ਸਮਿਆਂ ਵਿੱਚ ਹਰ ਥਾਂ ਦਰਸ਼ਨ ਅਤੇ ਉਪਦੇਸ਼ ਦੇ ਕੇ ਸੰਗਤਾਂ ਦਾ ਜੁਗਾਂ-ਜੁਗੰਤਰਾਂ ਤੱਕ ਭਲਾ ਕਰਦੇ ਰਹਿਣਗੇ:-

**ਸ੍ਰੀ ਗੁਰੂ ਕੇਰ ਸਰੀਰ ਜਉ ਸਭਿ ਥਾਨ ਸਮੈ ਸਭਿ ਨ ਦਰਸੈ ॥**
**ਗ੍ਰਿੰਥ ਰਿਦਾ ਗੁਰ ਕਾ ਇਹ ਜਾਨਹੁ ਉਤਮ ਹੈ ਸਭ ਕਾਲ ਰਹੈ ॥**

**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**

ਅਤੇ ਨਾਲ ਹੀ ਸੰਗਤਾਂ ਨੂੰ ਸੰਬੋਧਨ ਕਰਕੇ ਉਚਾਰਿਆ ਸਾਧ ਸੰਗਤ ਜੀ ! ਮੇਰੇ ਸਰੀਰ ਨਾਲੋਂ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਜਿਆਦਾ ਕਰਨਾ ਹੈ ਕਿਉਂਕਿ ਇਹ ਅਕਾਲ ਪੁਰਖ ਦਾ ਰੂਪ ਹੈ :-

**ਮੇਰੇ ਸਰੂਪ ਤੇ ਯਾਤੇ ਹੈ ਦੀਰਘ ॥ ਸਾਹਿਬ ਜਾਨਿ ਅਦਾਇਬ ਕੈ ਹੈ ॥**

**ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**

ਰਾਤ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਕਰਨ ਸਮੇਂ ਫੁਰਮਾਨ ਕੀਤਾ ਕਿ ਜਿਸ ਕੋਠਰੀ ਵਿੱਚ ਅਸੀਂ ਬਿਸਰਾਮ ਕਰਦੇ ਹਾਂ, ਉਸੇ ਕੋਠਰੀ ਵਿੱਚ ਪਲੰਘ ਉੱਤੇ ਸ੍ਰੀ ਗ੍ਰੰਥ ਸਾਹਿਬ ਜੀ ਦਾ ਸੁਖਆਸਨ ਕਰਨਾ ਹੈ :-

ਜਿਸ ਕੋਠਰੀ ਰਹਿਨ ਹਮਾਰਾ ॥ ਤਹਾ ਨਿਵਾਸੁ ਕਰਹੁ ਜੁਤਿਮਾਨ ॥
ਨਵੀਨ ਪਲੰਘ ਗੁਰ ਅਪਨੋ ਦੀਨੋ ਤਬੈ ਡਸਾਇ ॥
ਸੇਜਬੰਦ ਕਸਿ ਪ੍ਰੇਮ ਸੋਂ ਗ੍ਰਿੰਥ ਬਿਸਰਾਮੁ ਕਰਾਇ ॥੭੬॥

ਗੁਰ ਬਿਲਾਸ ਪਾਤਸ਼ਾਹੀ ੬, ਪੰਨਾ ੧੨੬

ਬਾਬਾ ਬੁੱਢਾ ਜੀ ਦੇ ਪੁੱਛਣ ਤੇ ਕਿ ਆਪ ਜੀ ਕਿਸ ਜਗ੍ਹਾ ਬਿਰਾਜੋਗੇ, ਸਤਿਗੁਰੂ ਜੀ ਨੇ ਉੱਤਰ ਦਿੱਤਾ, ਸ੍ਰੀ ਗ੍ਰੰਥ ਜੀ ਪਾਸ ਅਸੀਂ ਧਰਤੀ ਉੱਤੇ ਬਿਸਰਾਮ ਕਰਾਂਗੇ । ਸੋ ਸਤਿਗੁਰ ਜੀ ਦਾ ਹੁਕਮ ਮੰਨ ਕੇ ਆਪ ਦਾ ਬਿਸਤਰ ਧਰਤੀ ਤੇ ਕਰ ਦਿੱਤਾ ਗਿਆ । ਸਤਿਗੁਰ ਜੀ ਆਯੂ ਪ੍ਰਯੰਤ, ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਿੱਚ ਭੂਮ ਆਸਣ ਹੀ ਬਿਰਾਜਦੇ ਰਹੇ :-

ਭੂਮਿ ਸੈਨ ਨਿਤਪ੍ਰਤਿ ਕਰੈਂ ਗੁਰੂ ਗ੍ਰਿੰਥ ਕੇ ਪਾਸਿ ॥
ਗੁਰੂ ਗ੍ਰਿੰਥ ਭਗਵੰਤ ਸਮ ਜਾਨੈ ਕਰਿ ਅਰਦਾਸਿ ॥੭੭॥

ਗੁਰ ਬਿਲਾਸ ਪਾਤਸ਼ਾਹੀ ੬, ਪੰਨਾ ੧੨੭

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੁਰ ਕੀ ਬਾਣੀ ਦਾ ਆਪ ਖੁਦ ਸਤਿਕਾਰ ਕਰਕੇ ਜਗਿਆਸੂਆਂ ਲਈ ਗੁਰਬਾਨੀ ਦੇ ਸਤਿਕਾਰ ਲਈ ਪੂਰਨੇ ਵਾਹੇ । ਉਪ੍ਰੰਤ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਨੇ ਤਾਂ ਸੰਗਤਾਂ ਨੂੰ ਸਪਸ਼ਟ ਹੁਕਮ ਕਰ ਦਿੱਤਾ ਸੀ :-

ਜਿਨ ਭੈ ਬਾਣੀ ਅਦਬ ਨ ਧਾਰਾ ॥
ਜਾਣਹੁ ਸੋ ਸਿੱਖ ਨਹੀਂ ਹਮਾਰਾ ॥ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਆਪ ਦਾ ਹੁਕਮ ਸੀ ਕਿ ਬਾਣੀ ਅਨ-ਭੈਅ ਦੇਸ਼ ਦੀ ਹੈ । ਇਹ ਬਾਣੀ ਗੁਰੂ ਦਾ ਅਨੁਭਵ ਹੈ, ਗੁਰੂ ਦਾ ਹਿਰਦਾ ਹੈ, ਇਸਦਾ ਅਦਬ ਕਰਨਾ ਅਤਿ ਜ਼ਰੂਰੀ ਹੈ । ਗੁਰਬਾਣੀ ਸੰਸਾਰ ਭਵਜਲ ਵਿਚੋਂ ਪਾਰ ਕਰਨ ਲਈ ਜਹਾਜ਼ ਹੈ :-

ਜੋ ਸਿੱਖ ਗੁਰਬਾਣੀ ਭੈ ਕਰੈ ॥ ਬਿਨ ਪ੍ਰਯਾਸ ਭਵ ਸਾਗਰ ਤਰੈ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਅਦਬ ਸਤਿਕਾਰ ਦਾ ਰਸਤਾ ਹੀ ਪ੍ਰਭੂ ਦਰ ਤੱਕ ਪਹੁੰਚਾਉਂਦਾ ਹੈ । ਕਾਰਨ ਕਾਰਜ ਦੀ ਇਹ ਸੰਗਲੀ ਹੈ । ਭੈ ਬਿਨਾਂ ਭਗਤੀ ਨਹੀਂ ਹੋ ਸਕਦੀ, ਭਗਤੀ ਬਿਨਾਂ ਗਿਆਨ ਸੰਭਵ ਨਹੀਂ, ਗਿਆਨ ਬਿਨਾਂ ਮੁਕਤੀ ਨਹੀਂ, ਮੁਕਤੀ ਬਿਨਾਂ ਅਨੰਦ ਨਹੀਂ, ਅਨੰਦ ਬਿਨਾਂ ਪ੍ਰਭੂ ਰਸ ਪ੍ਰਾਪਤ ਨਹੀਂ ਹੋ ਸਕਦਾ । ਆਪ ਦਾ ਬਚਨ ਸੀ :-

ਜੇਤਾ ਅਦਬ ਕਰੀਐ ਉਹ ਥੋੜਾ ਹੈ ॥ ਇਹ ਨਿਜ ਸਰੂਪ ਹੈ ॥
ਇਸਨੂੰ ਜਾਨਣ ਵਾਲਾ ਮੇਰੇ ਪਦ ਨੂੰ ਪ੍ਰਾਪਤ ਹੋਵੇਗਾ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਨਾਂਦੇੜ (ਸਚਖੰਡ ਹਜ਼ੂਰ ਸਾਹਿਬ) ਵਿਖੇ 7 ਅਕਤੂਬਰ 1708ਈ: ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾ ਕੇ ਸਮੂਹ ਸੰਗਤਾਂ ਨੂੰ ਇਕਤਰਤ ਕਰ ਭਰੇ ਦੀਵਾਨ ਵਿੱਚ ਗੁਰਤਾ ਗੱਦੀ ਦੀ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਰਦੇ ਹੋਏ, ਪੰਜ ਪੈਸੇ ਅਤੇ ਨਾਰੀਅਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਰੱਖ ਕੇ ਮੱਥਾ ਟੇਕ, ਤਿੰਨ ਪ੍ਰਕਰਮਾਂ ਕਰ, ਆਪਣੀ ਆਤਮਿਕ ਜੋਤ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਮੋ ਦਿੱਤੀ ਅਤੇ ਸਮੂਹ ਸੰਗਤਾਂ ਪ੍ਰਤੀ ਹੁਕਮ ਕੀਤਾ ਕਿ ਖ਼ਾਲਸਾ ਜੀ !

ਆਗਿਆ ਭਈ ਅਕਾਲ  ਕੀ ਤਬੈ ਚਲਾਯੋ ਪੰਥ ॥
ਸਬ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ ॥
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸਬਦ ਮੈਂ ਲੇਹ ॥
ਸਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ ॥
ਜਗਮਗ ਜੋਤ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ ॥
ਜੋ ਦਰਸਯੋ ਚਹਿ ਗੁਰੂ  ਕੋ ਸੋ ਦਰਸੈ ਗੁਰੁ ਗ੍ਰੰਥ ॥
ਪਢੈ ਸੁਨੈ ਸ੍ਵਾਰਥ ਲਹੈ ਪਰਮਾਰਥ ਕੋ ਪੰਥ ॥
ਵਾਹਿਗੁਰੂ ਗੁਰੂ ਗ੍ਰੰਥ ਜੀ ਊਭੈ ਜਹਾਜ ਉਦਾਰ ॥
ਜੋ ਸ਼ਰਧਾ ਕਰ ਸੇਵਹੈ ਸੋ ਉੱਤਰੈ ਭਵ ਪਾਰ ॥੧੧॥

ਪੰਥ ਪ੍ਰਕਾਸ਼ ਗਿ. ਗਿਆਨ ਸਿੰਘ ਭਾਸ਼ਾ ਵਿਭਾਗ ਪੰਨਾ ੩੫੩

ਮਮ ਆਗਿਆ ਸਬ ਹੀ ਸੁਨੋ ਸਤਿ ਬਾਤ ਨਿਰਧਾਰ ॥
ਗ੍ਰੰਥ ਗੁਰੂ ਸਮ ਮਾਨਿਓ ਭੇਦ ਨ ਕੋਊ ਬਿਚਾਰ ॥੬੮੭॥
ਗੁਰੂ ਗ੍ਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਮਹਾਨ ॥
ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗ੍ਰੰਥ ਜੀ ਜਾਨ ॥੬੯੩॥
ਗੁਰੂ ਦਰਸ ਜਿਹ ਦੇਖਣਾ ਸ੍ਰੀ ਗ੍ਰੰਥ ਦਰਸਾਇ ॥
ਬਾਤ ਕਰਨ ਗੁਰੂ ਜੋ ਚਹੇ ਪੜ੍ਹੇ ਗ੍ਰੰਥ ਮਨ ਲਾਇ ॥੬੯੪॥

ਗੁਰ ਬਿਲਾਸ ਪਾ: ੬ (ਅਧਿਆਇ ੪) ਪੰਨਾ ੧੧੮

ਭਾਈ ਨੰਦ ਲਾਲ ਜੀ ਨੇ ਕਲਗੀਧਰ ਪਾਤਸ਼ਾਹ ਜੀ ਨੂੰ ਹਜ਼ੂਰ ਦੇ ਦਰਸ਼ਨਾਂ ਬਾਰੇ ਪੁਛਿਆ ਕਿ ਹੇ ਪਾਤਸ਼ਾਹ ! ਆਪ ਜੀ ਦੇ ਪਾਵਨ ਸਰੂਪ ਦੇ ਕਿਸ ਤਰ੍ਹਾਂ ਦਰਸ਼ਨ ਹੋਇਆ ਕਰਨਗੇ ਤਾਂ ਸਤਿਗੁਰਾਂ ਬਚਨ ਕੀਤਾ ਕਿ ਨੰਦ ਲਾਲ ਜੀ !

**ਸ੍ਰੀ ਗੁਰੂ ਵਾਚ**

**ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿਤ ਲਾਇ ॥**
**ਨਿਰਗੁਣ ਸਰਗੁਨ ਗੁਰਸ਼ਬਦ ਕਹੋ ਤੋਹਿ ਸਮਝਾਇ ॥੧੦॥**

**ਚੌਪਈ**

**ਏਕ ਰੂਪ ਤਿਹ ਗੁਣ ਤੇ ਪਰੈ ॥ ਨੇਤ ਨੇਤ ਜਿਹ ਨਿਗਮ ਉਚਰੈ ॥੧੧॥**
**ਘਟਿ ਘਟਿ ਬਿਆਪਕ ਅੰਤਰਜਾਮੀ ॥**
**ਪੂਰ ਰਹਿਓ ਜਿਊ ਜਲ ਘਟ ਭਾਨੀ ॥੧੨॥**

**ਦੂਸਰ ਰੂਪ ਗ੍ਰੰਥ ਜੀ ਜਾਨਹੁ ॥ ਉਨ ਕੇ ਅੰਗ ਮੇਰੇ ਕਰਿ ਮਾਨਹੁ ॥੧੩॥**
**ਜੋ ਸਿੱਖ ਮਮ ਦਰਸ਼ਨ ਕੀ ਚਾਹਿ ॥ ਦਰਸ਼ਨ ਕਰੈ ਗ੍ਰੰਥ ਜੀ ਆਹਿ ॥੧੯॥**
**ਜੋ ਮੁਝ ਬਚਨ ਸੁਣਨ ਕੀ ਚਾਹਿ ॥ ਗ੍ਰੰਥ ਜੀ ਪੜੈ ਸੁਨੇ ਚਿਤ ਲਾਇ ॥੧੯॥**
**ਮੇਰਾ ਰੂਪ ਗ੍ਰੰਥ ਜੀ ਜਾਨ ॥ ਇਨ ਮੇ ਭੇਦ ਨ ਰੰਚਕ ਮਾਨ ॥੨੦॥**

**ਤੀਸਰ ਰੂਪ ਸਿੱਖ ਹੈ ਮੋਰ ॥ ਗੁਰਬਾਣੀ ਰਤਿ ਜਿਹ ਨਿਸ ਭੋਰ ॥੨੧॥**
**ਵਿਸਾਹੁ ਪ੍ਰੀਤੀ ਗੁਰਸ਼ਬਦ ਜੁ ਧਰੈ ਗੁਰ ਕਾ ਦਰਸਨ ਨਿਤ ਉਠ ਕਰੈ ॥੨੨॥**
**ਗਿਆਨ ਸ਼ਬਦ ਗੁਰੂ ਸੁਣੇ ਸੁਣਾਇ ਜਪੁ ਜੀ ਜਾਪੁ ਪੜ੍ਹੇ ਚਿੱਤ ਲਾਇ ॥੨੩॥**
**ਗੁਰੁ ਦੁਆਰ ਕਾ ਦਰਸ਼ਨ ਕਰੈ ॥ ਪਰ ਦਾਰਾ ਕਾ ਤਿਆਗ ਜੋ ਕਰੈ ॥੨੪॥**
**ਗੁਰਸਿੱਖ ਸੇਵਾ ਕਰੇ ਚਿੱਤ ਲਾਇ ॥ ਆਪਾ ਮਨ ਕਾ ਸਗਲ ਮਿਟਾਇ ॥੨੫॥**
**ਇਨ ਕਰਮਨ ਮੇ ਜੋ ਪਰਧਾਨ ॥ ਸੋ ਸਿੱਖ ਰੂਪ ਮੇਰਾ ਪਹਿਚਾਨ ॥੨੬॥**

**'ਰਹਿਤਨਾਮਾ' ਭਾਈ ਨੰਦ ਲਾਲ ਜੀ**

ਸਤਿਗੁਰ ਜੀ ਨੇ ਸਦਾ ਵਾਸਤੇ ਆਪਣੀ ਆਤਮਾਂ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਤੇ ਸਰੀਰ ਪੰਥ ਵਿੱਚ ਸਮੋ ਦਿੱਤਾ ।

## ਸ੍ਰੀ ਗੁਰੂ ਗ੍ਰੰਥ ਸਾਹਿਬ ਕਾਵਿ ਅਤੇ ਬੋਲੀਆਂ ਦਾ ਭੰਡਾਰ

ਪੁਰਾਤਨ ਜਿੰਨੇ ਵੀ ਧਾਰਮਿਕ ਗ੍ਰੰਥ ਹਨ, ਉਹ ਬਹੁਤਾਤ ਵਿੱਚ ਵਾਰਤਕ ਕਹਾਣੀ ਰੂਪ ਵਿੱਚ ਹਨ । ਜੋ ਕਵਿਤਾ ਰੂਪ ਵਿੱਚ ਹਨ ਉਹ ਕੋਈ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਾਵਯ ਸ਼ੈਲੀ ਦਾ ਮੁਕਾਬਲਾ ਨਹੀਂ ਕਰ ਸਕਦੇ । ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਹੁਤੀ ਬਾਣੀ ਉਸ ਸਮੇਂ ਦੀ ਆਮ ਬੋਲੀ, ਸੰਤ ਭਾਸ਼ਾ ਵਿੱਚ ਹੈ, ਉੱਥੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬ੍ਰਿਜ ਭਾਸ਼ਾ, ਹਿੰਦਵੀ, ਭੱਟ ਭਾਸ਼ਾ, ਗਾਥਾ, ਸਹਸਕ੍ਰਿਤੀ, ਮਰਾਠੀ, ਲਹਿੰਦੀ, ਪੰਜਾਬੀ, ਰੇਖਤਾ, ਅਰਬੀ, ਫਾਰਸੀ ਅਤੇ ਹੋਰ ਬਿਅੰਤ ਖੇਤਰਾਂ ਦੀਆਂ ਭਾਸ਼ਾਵਾਂ ਦਾ ਸ਼ਬਦ ਭੰਡਾਰ ਹੈ ।

ਸਤਿਗੁਰੂ ਜੀ ਅਤੇ ਭਗਤਾਂ ਨੇ ਬਿਨਾਂ ਵਿਤਕਰੇ, ਜਿਸ ਤਰ੍ਹਾਂ ਦੀ ਕੋਈ ਬੋਲੀ ਸਮਝਦਾ ਸੀ, ਉਸੇ ਬੋਲੀ ਵਿੱਚ ਰੱਬੀ ਉਪਦੇਸ਼ ਉਸਨੂੰ ਦੇ ਕੇ ਪ੍ਰਭੂ ਨਾਲ ਜੋੜਿਆ । ਉਸ ਸਮੇਂ ਦੇ ਵੰਨ-ਸੁਵੰਨੇ ਗੀਤ, ਲੈਅ, ਧਾਰਨਾਵਾਂ ਜੋ ਲੋਕਾਂ ਵਿੱਚ ਹਰਮਨ ਪਿਆਰੇ ਹੋ ਚੁੱਕੇ ਸਨ, ਸਤਿਗੁਰਾਂ ਅਤੇ ਭਗਤਾਂ ਨੇ ਉਨ੍ਹਾਂ ਲੋਕ ਧਾਰਨਾਵਾਂ ਨੂੰ ਹੀ ਅਧਾਰ ਬਣਾ ਕੇ ਉਸੇ ਵਿੱਚ ਬਾਣੀ ਰਚ ਕੇ ਲੋਕਾਈ ਨੂੰ ਸਤਿ ਧਰਮ ਦਾ ਉਪਦੇਸ਼ ਬਖਸ਼ਿਆ । ਗੁਰਬਾਣੀ ਵਿੱਚ ਜੋ ਉਸ ਸਮੇਂ ਦੀ ਲੋਕ-ਪ੍ਰਿਯ ਕਾਵਿ ਦੇ ਰੂਪ ਵਰਤੇ ਗਏ ਹਨ, ਉਨ੍ਹਾਂ ਵਿਚੋਂ ਵਿਸ਼ੇਸ਼ ਹੇਠ ਲਿਖੇ ਹਨ-

| | | | | |
|---|---|---|---|---|
| **ਆਰਤੀ** | **ਅੰਜਲੀ** | **ਅਲਾਹਣੀਆ** | **ਸੋਹਿਲਾ** | **ਸਦੁ** |
| **ਕਰਹਲੇ** | **ਕਾਫੀ** | **ਥਿਤੀ** | **ਘੋੜੀਆਂ** | **ਚਉਬੋਲੇ** |
| **ਛੰਤ** | **ਡਖਣੇ** | **ਦਿਨ ਰੈਣਿ** | **ਪਹਰੇ** | **ਪਟੀ** |
| **ਬਾਰਹ ਮਾਹਾ** | **ਬਾਵਨ ਅਖਰੀ** | **ਬਿਰਹੜੇ** | **ਮੰਗਲ** | **ਰੁਤੀ** |
| **ਵਣਜਾਰਾ** | **ਵਾਰਾਂ** | **ਵਾਰ ਸਤ ।** | | |

ਸਤਿਗੁਰੂ ਜੀ ਨੇ 22 ਵਾਰਾਂ ਰਚ ਕੇ ਉਸ ਸਮੇਂ ਦੀਆਂ ਪ੍ਰਚਲਤ ਲੋਕ-ਪ੍ਰਸਿੱਧ ਸੂਰਮਿਆਂ ਦੀਆਂ ਵਾਰਾਂ ਦੀਆਂ ਨੌਂ ਧੁਨਾਂ ਦੇ ਸੰਕੇਤ ਦੇ ਕੇ ਰਾਗੀ ਸਿੰਘਾਂ ਨੂੰ ਗੁਰਬਾਣੀ ਕੀਰਤਨ ਕਰਨ ਲਈ ਪ੍ਰੇਰਨਾ ਦਿੱਤੀ ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਗਾਂ ਨੂੰ ਮਹਾਨਤਾ

ਸਤਿਗੁਰਾਂ ਤੇ ਭਗਤਾਂ ਨੇ ਸਾਰੀ ਗੁਰਬਾਣੀ ਰਾਗਾਂ ਵਿੱਚ ਉਚਾਰੀ ਅਤੇ ਰਾਗਾਂ ਵਿੱਚ ਗਾਉਣ ਦੀ ਹਦਾਇਤ ਕੀਤੀ ਹੈ । ਸੰਗੀਤ ਮਨ ਨੂੰ ਇਕਾਗਰਤਾ ਬਖਸ਼ਿਸ਼ ਕਰਕੇ ਵਿਸਮਾਦੀ ਦਸ਼ਾ ਪ੍ਰਦਾਨ ਕਰਦਾ ਹੈ । ਸੰਗੀਤ-ਕਾਰ ਅਤੇ ਨਾਦ ਰਸੀਏ ਤਾਂ ਇੱਥੋਂ ਤੱਕ ਕਹਿੰਦੇ ਹਨ ਕਿ ਸਾਰੇ ਸੰਸਾਰ ਦਾ ਮੂਲ ਨਾਦ ਹੈ । ਨਾਦ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ । ਨਾਦ (ਧੁਨ) ਤੋਂ ਹੀ ਅੱਖਰ ਅਤੇ ਅੱਖਰਾਂ ਤੋਂ ਵਰਣ, ਵਰਣ ਤੋਂ ਪਦ ਤੇ ਪਦਾਂ ਤੋਂ ਬੋਲੀ ਹੋਂਦ ਵਿੱਚ ਆਉਂਦੀ ਹੈ । ਇਸੇ ਲਈ ਗੁਰਬਾਣੀ ਵਿੱਚ ਵੀ ਕੀਰਤਨ ਨੂੰ ਸਰਬੋਤਮ ਮੰਨ ਕੇ "ਕੀਰਤਨੁ ਨਿਰਮੋਲਕ ਹੀਰਾ" ਫੁਰਮਾਨਿਆ ਹੈ ।

ਸਾਰੀ ਗੁਰਬਾਣੀ ਇਕੱਤੀ ਰਾਗਾਂ ਵਿੱਚ ਹੇਠ ਲਿਖੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤੀ ਗਈ ਹੈ :-

| | | | | |
|---|---|---|---|---|
| **ਸਿਰੀ ਰਾਗੁ** | **ਮਾਝ** | **ਗਾਉੜੀ** | **ਆਸਾ** | **ਗੂਜਰੀ** |
| **ਦੇਵਗੰਧਾਰੀ** | **ਬਿਹਾਗੜਾ** | **ਵਡਹੰਸੁ** | **ਸੋਰਠਿ** | **ਧਨਾਸਰੀ** |
| **ਜੈਤਸਰੀ** | **ਟੋਡੀ** | **ਬੈਰਾੜੀ** | **ਤਿਲੰਗ** | **ਸੂਹੀ** |

| | | | | |
|---|---|---|---|---|
| ਬਿਲਾਵਲੁ | ਗੋਂਡ | ਰਾਮਕਲੀ | ਨਟ | ਮਾਲੀ ਗਉੜਾ |
| ਮਾਰੂ | ਤੁਖਾਰੀ | ਕੇਦਾਰਾ | ਭੈਰਉ | ਬਸੰਤੁ |
| ਸਾਰਗ | ਕਾਨੜਾ | ਮਲਾਰ | ਕਲਿਆਨ | ਪ੍ਰਭਾਤੀ |
| ਜੈਜਾਵੰਤੀ | | | | |

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਗ ਕਲਾ ਦਾ ਅਨੂਠਾ ਅਤੇ ਨਿਵੇਕਲਾ ਭੰਡਾਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗਾਂ ਨੂੰ ਬਿਅੰਤ ਮਹਾਨਤਾ ਦਿੱਤੀ ਹੈ। ਆਪ ਜੀ ਰਾਮਕਲੀ ਦੀ ਵਾਰ ਵਿੱਚ ਫੁਰਮਾਉਂਦੇ ਹਨ :-

**ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥**
**ਧੰਨੁ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥ -**
**ਰਾਮਕਲੀ ਕੀ ਵਾਰ:੨ (ਮਃ ੫) - ਅੰਗ ੯੫੮**

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਾ-ਵਸਤੂ

ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਸ਼ਾ-ਵਸਤੂ ਨਾ ਇਤਿਹਾਸ ਹੈ, ਨਾ ਮਿਥਿਹਾਸ ਹੈ, ਨਾ ਹੀ ਕਰਮ ਕਾਂਡ ਤੇ ਉਪਾਸ਼ਨਾਂ ਦੀਆਂ ਵਿਧੀਆਂ ਹਨ, ਸਗੋਂ ਭਰਮਾਂ ਵਹਿਮਾਂ, ਕਰਮ ਕਾਡਾਂ ਦਾ ਖੰਡਨ ਜ਼ਰੂਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੇਵਲ ਤੇ ਕੇਵਲ ਸੱਚ ਹੈ :-

1. ਸੱਚ ਕੀ ਹੈ ?
2. ਸੱਚ ਦਾ ਸਰੂਪ ਕੀ ਹੈ ?
3. ਸੱਚ ਦੀ ਪ੍ਰਾਪਤੀ ਦੇ ਸਾਧਨ ਕਿਹੜੇ ਹਨ ?
4. ਜਿਨ੍ਹਾਂ ਨੇ ਸੱਚ ਪ੍ਰਾਪਤ ਕਰ ਲਿਆ, ਉਨ੍ਹਾਂ ਦੀ ਅਵਸਥਾ ਕੀ ਹੈ ?
5. ਸੱਚ ਦੀ ਪ੍ਰਾਪਤੀ ਵਿੱਚ ਕੀ ਰੁਕਾਵਟਾਂ ਹਨ ? ਉਨ੍ਹਾਂ ਨੂੰ ਦੂਰ ਕਰਨ ਦਾ ਹੱਲ ਕੀ ਹੈ ?

ਸਾਰੀ ਗੁਰਬਾਣੀ ਮਨੁੱਖ ਨੂੰ ਸਚਿਆਰ ਅਤੇ ਸੰਪੂਰਨ ਮਨੁੱਖ ਬਣਨ ਵਾਸਤੇ ਪ੍ਰੇਰਦੀ ਅਤੇ ਮਾਰਗ ਦਰਸ਼ਨਾਉਂਦੀ ਹੈ। ਭਾਵੇਂ ਸਾਰੀ ਗੁਰਬਾਣੀ ਲੰਬੀ ਹੈ, ਪਰ ਗੁਰਬਾਣੀ ਲਗਾਤਾਰ ਪੜ੍ਹਦਿਆਂ ਕੋਈ ਅਕੇਵਾਂ-ਥਕੇਵਾਂ ਨਹੀਂ ਹੁੰਦਾ ਸਗੋਂ ਗੁਰਬਾਣੀ ਲਗਾਤਾਰੀ ਇੱਕ ਰਸ ਅਤੇ ਅਨੰਦ ਪ੍ਰਦਾਨ ਕਰਦੀ ਪ੍ਰਭੂ ਦੇ ਨੇੜੇ ਲੈ ਜਾਂਦੀ ਹੈ। ਈਰਖਾ-ਦ੍ਵੈਖ ਦੇ ਸਾੜੇ ਨੂੰ ਮਾਰ ਕੇ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸੇ ਕਰਕੇ ਮਾਝ ਰਾਗ ਵਿੱਚ ਸਾਹਿਬ ਗੁਰੂ ਅਰਜਨ ਦੇਵ ਜੀ ਨੇ ਫਰਮਾਨ ਕੀਤਾ ਹੈ :-

**ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥**
**ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥**
**ਮਾਝ (ਮਃ ੫) – ਅੰਗ ੧੦੩**

ਗੁਰਬਾਣੀ ਇੱਕ ਅਤੁੱਟ ਅੰਮ੍ਰਿਤ ਦਾ ਪ੍ਰਵਾਹ ਹੈ। ਗੁਰਬਾਣੀ ਪ੍ਰਭੂ ਦੇ ਚੂ-ਚਹੇ ਰੰਗ ਵਿੱਚ ਰੰਗੀ ਹੋਈ ਹੈ। ਜੋ ਬਾਣੀ ਨਾਲ ਜੁੜਦਾ ਹੈ, ਉਸ ਦੀ ਆਤਮਾਂ ਨੂੰ ਵੀ ਰੰਗ ਚਾੜ੍ਹ ਦਿੰਦੀ ਹੈ।

ਗੁਰਬਾਣੀ ਦੁਆਰਾ ਹੀ ਕਰਤਾ ਪੁਰਖ ਦਾ ਦੀਦਾਰ ਨਸੀਬ ਹੁੰਦਾ ਹੈ। ਗੁਰਬਾਣੀ ਰਾਹੀਂ ਕਰਤਾਰ ਦੀ ਛੋਹ ਮਿਲਦੀ ਅਤੇ ਸਦੀਵੀ ਅਨੰਦ, ਖੇੜਾ ਪ੍ਰਾਪਤ ਹੁੰਦਾ ਹੈ। ਗੁਰਬਾਣੀ ਪ੍ਰਭੂ ਪ੍ਰਮਾਤਮਾ ਵਿੱਚ ਅਭੇਦਤਾ ਕਰਵਾ ਦਿੰਦੀ ਹੈ। ਗੁਰਬਾਣੀ ਪੜ੍ਹਨ ਤੇ ਨਾਮ ਸਿਮਰਨ ਕਰਨ ਵਾਲੇ ਦੇ ਜਮਦੂਤ ਵੀ ਨੇੜੇ ਨਹੀਂ ਆਉਂਦੇ। ਇਸ ਲਈ ਗੁਰਬਾਣੀ ਨੂੰ ਹਮੇਸ਼ਾਂ-ਹਮੇਸ਼ਾਂ ਲਈ ਹਿਰਦੇ ਵਿੱਚ ਵਸਾਈ ਰਖਣਾ ਚਾਹੀਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ –

**ਆਸਾ ਮਹਲਾ ੫ ॥**

**ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ**
**ਨਿਮਖ ਨ ਮਨ ਤੇ ਟਾਰੀ ਰੇ ॥੧॥ ਰਹਾਉ ॥**
**ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥੧॥**
**ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ**
**ਨਾਨਕ ਉਰਿ ਹਾਰੀ ਰੇ ॥੨॥੫॥੧੩੪॥ ਆਸਾ (ਮਃ ੫) – ਅੰਗ ੪੦੪**

**ਧੰਨਵਾਦ ਸਾਹਿਤ ਵਿਚੋਂ :-**
**ਗੁਰੂ ਗ੍ਰੰਥ ਸਾਹਿਬ ਦਰਸ਼ਨ**

## ਗਤੀਵਿਧੀਆਂ ਜੁਲਈ 2019 :-

**ਨਾਨਕਸ਼ਾਹੀ ਜੰਤਰੀ ਅਨੁਸਾਰ ਸਾਵਣ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਮਿਤੀ 16-07-2019 ਦਿਨ ਮੰਗਲਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ "ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ"॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ। ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ ਦੇ ਵਿਦਿਆਰਥੀਆਂ ਨੇ ਨਿਭਾਈ ਕਥਾ ਦੀ ਸੇਵਾ ਵਾਇਸ ਪ੍ਰਿੰਸੀਪਲ ਹਰਵੀਰ ਸਿੰਘ ਨੇ ਨਿਭਾਈ। ਸਮਾਪਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ :-

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਗੁਰਦੁਆਰਾ ਸਾਹਿਬ ਸੈਕਟਰ 46 ਚੰਡੀਗੜ ਵਿਖੇ ਹੋਏ ਜਿਸ ਵਿੱਚ ਕੀਰਤਨ ਦੀ ਸੇਵਾ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਦੇ ਵਿਦਿਆਰਥੀਆਂ ਨੇ ਨਿਭਾਈ ਅਤੇ ਕਥਾ ਦੀ ਸੇਵਾ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਨੇ ਨਿਭਾਈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸੋਸਾਇਟੀ ਦਾ ਧੰਨਵਾਦ ਕੀਤਾ ਗਿਆ।





ਕਿਤਾਬ ਰਿਲਿਜ਼ :-

ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ -ਪੁਰਬ ਨੂੰ ਸਮਰਪਿਤ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.) ਚੰਡੀਗੜ੍ਹ ਵਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਧਾਤਾਂ ਸੰਬੰਧੀ ਪ੍ਰਸ਼ਨੋਤਰੀ - ਪੰਜਾਬੀ, ਅੰਗ੍ਰੇਜੀ ਅਤੇ ਹਿੰਦੀ - ਵਿੱਚ ਤਿਆਰ ਕਰਵਾਈ ਗਈ ਹੈ।ਇਸ ਉਪਰਾਲੇ ਦਾ ਉਦੇਸ਼ ਗੁਰੂ ਸਾਹਿਬ ਦੇ ਜੀਵਨ ਬਾਣੀ ਅਤੇ ਸਿਧਾਂਤ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਾ ਹੈ। ਪ੍ਰਸ਼ਨ-ਉੱਤਰ ਬੜੇ ਸੰਖੇਪ, ਸਰਲ ਅਤੇ ਸਪੱਸ਼ਟਤਾ ਨਾਲ ਤਿਆਰ ਕੀਤੇ ਗਏ ਹਨ ਤਾਂ ਜੋ ਅਸੀਂ ਗੁਰੂ ਤੋਂ ਸੇਧ ਲੈ ਅਪਣੇ ਜੀਵਨ ਦੀ ਘਾੜਤ ਘੜ ਸਕੀਏ ਇਸ ਕਿਤਾਬਚੇ ਨੂੰ ਪੰਜ ਪਿਆਰੇ ਸਾਹਿਬਾਨ ਨੇ ਮਿਤੀ 25-07-2019 (ਵੀਰਵਾਰ) ਨੂੰ ਸ੍ਰੀ ਨਾਨਕ ਝੀਰਾ ਗੁਰਦੁਆਰਾ ਸਾਹਿਬ ਤੋਂ ਆਈ ਯਾਤਰਾ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਸੈਕਟਰ- 34, ਚੰਡੀਗੜ੍ਹ ਵਿਖੇ ਰਿਲੀਜ਼ ਕਰਕੇ ਸੰਗਤਾਂ ਦੀ ਭੇਟ ਕੀਤਾ।ਇਹ ਕਿਤਾਬਚੇ ਦੀ ੫੦,੦੦੦ ਕਾਪੀ ਛਪਵਾਈ ਗਈ ਹੈ। ਜਿਸ ਨੂੰ ਛਪਵਾਉਣ ਦੀ ਸਾਰੀ ਸੇਵਾ ਸ.ਇੰਦਰ ਜੀਤ ਸਿੰਘ ਜੀ (ਇੰਦਰਜੀਤ ਪ੍ਰੋਪ੍ਰਟੀਜ਼) ਚੰਡੀਗੜ ਨੇ ਨਿਭਾਈ ਹੈ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

HELP NEEDY

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਜੁਲਾਈ 2019 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 52 | 140 | 192 |
| 2 | Eye | 14 | 28 | 42 |
| 3 | E.N.T. | 05 | 21 | 26 |
| 3 | Cardiology | 00 | 06 | 06 |
| 4 | Dental | 18 | 81 | 96 |
| 5 | Gynaecology | 09 | 44 | 53 |
| 6 | Homoeopathy | 19 | 287 | 306 |
| | Total | 117 | 607 | 724 |
| | Laboratory | 179 | | 179 |

## ਧੰਨਵਾਦ :

## ਜੁਲਾਈ 2019 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Daya Singh Dhir # D- 505/Ivory Tower/Sec70 2,000/-
2. Dr. Saranjit Singh #2817/Phase- 7/Mohali 2,000/-
3. S. Tarandeep Singh Sachar # EA-136/Maya Enclave/New Delhi 20,000/-
4. S. Inderjit Singh #171/Phase- VI/Mohali 20,000/-
5. Bibi Surjit Kaur #1444/Sector- 34C/Chd 2,500/-
6. S. Narinder Bir Singh #1444/Sector- 34C/Chd 2,000/-
7. S.Amarpreet Singh/S/O B.M.Singh # 416/Sec44A 1,000/-
8. S. Surjit Singh # 589/Silver Enclave/Sector-125 500/-
9. S. Dhanwant Singh #447/Phase- 4/Mohali 1,000/-
10. S. Harjinder Singh # 12/Sunny Enclave/M.K 500/-
11. S. D.P Singh #393/Phase- 9/Mohali 1,200/-
12. S. Gurjit SinghAhluwalia # 3043/Phase- 7 15,000/-
13. S. Sarbjit Singh #49A/Comfort Homes/Kharar 3,500/-
14. Bibi Manjeet Kaur Sawhney # 3303/Sec32D 5,000/-
15. S. Shubhjot Singh Chadha # 1203/Sector-34C 11,000/-
16. S. Gurpreet Singh # 192/Sidhartha Enclave/New Delhi 15,000/-
17. Bibi Baljit Kaur # 192/Sidhartha Enclave/N. Delhi 15,000/-
18. S. Gajinder Singh # 192/Sidhartha Enclave/Delhi 15,000/-
19. Bibi Rajleen Kaur #836/Phase II/Mohali 500/-
20. Bibi. Harleen Kaur Sarna #107G, Shivalik Vihar Naya Goan, Mohali 500/-
21. Bibi Harpreet Kaur #461/Sec 44A/Chd 1,000/-
22. S. Harsharnpal Singh Bhatia #461/Sec. 44A/Chd 1,000/-
23. Bibi Gurdeep Kaur #461/Sec. 44A/Chd 1,000/-
24. S. Manveer Singh/Vill. Chath Nakte (Sunam) 770/-
25. Bibi Paramjit Kaur # 189/Urban Estate - /Patiala 3,100/-
26. S. Sukhdev Singh/ Gurdwara Mai Bishan Kaur Prof. Colony/Ludhiana 3,100/-
27. S. Arvinder Pal Singh # 1706/833A/ Preet Nagar/New Shimla Puri/ Ldh. 3,900/-
28. Smt. Nripjit Kaur # Govt. Poly. College/Moga 20,000/-
29. S. Harbhajan Singh/F- 9/Jangpura Ext/N Delhi 1,00,000/-
30. Mrs. Harbhajan Singh/F-9/Jangpura Ex/N Delhi 1,00,000/-
31. Bhai Narain Singh Dang & Sons Charitable Trust #125/126, Sanjay Bldg. No. 5/A, Mittal Estate SAKINAKA, MUMBAI 25,013/-
32. Bibi Satnam Kaur Saluja # 3054/Sector-35D 10,000/-
33. Bibi Satwant Kaur # 287/Phase-3A/Mohali 250/-
34. Bibi Kuldip Kaur/Mundi Kharar 100/-
35. S. Harjinder Singh/ Mundi Kharar 100/-
36. Bibi Surjit Kaur/ Mundi Kharar 100/-
37. S. Manmohan Singh/Aastha Homes/Kharar 500/-
38. S. Mohinder Singh/ Mundi Kharar 100/-
39. S. Ajit Singh # 15A/Chd 500/-
40. S. Naunihal Singh/ Mundi Kharar 500/-
41. S. Jagjit Singh/ Mundi Kharar 100/-
42. Mrs. Savita Rani # 74/Sector-78/Mohali 7000/-
43. S. Harnek Singh/339/Srichand Enclave/Asr. 3250/-
44. Mrs. Ishminder Kaur #3902/Sector-22D/Chd 10,000/-
45. S. Harsimran Singh # 207/Phase- 4/Mohali 15,000/-
46. Col. H.S Uppal #306/Sector- 33A/Chd 70,000/-
47. S. Jasbir Singh Julka # 1263/Sector- 37B/Chd 5,000/-
48. Col. Ranjit Singh (H.U.F.) # 207/Sector-33A/Chd 20,000/-
49. Col. Ranjit Singh # 207/Sector-33A/Chd 30,000/-

**ਬੇਨਤੀ** ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।